ਦੇਸ਼ ਸੇਵਕ

# ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਬੱਚਿਆਂ ਵੱਲੋਂ ਰੈਲੀ

ਮੂਣਕ/10 ਫਰਵਰੀ/ਸੁਰਿੰਦਰ ਗਰਗ

ਕਰਜ਼ੇ ਦੇ ਬੋਝ ਥੱਲੇ ਦੱਬ ਕੇ ਖੁਦਕੁਸ਼ੀ ਕਰ ਗਏ ਕਿਸਾਨਾਂ ਦੇ ਬੱਚਿਆਂ ਵੱਲੋਂ ਬੀਤੇ ਦਿਨ ਨੇੜਲੇ ਪਿੰਡ ਬਲਰਾਂ ਵਿਖੇ ਰੈਲੀ ਕੀਤੀ ਗਈ, ਜਿਸ ਦੀ ਅਗਵਾਈ ਸੱਚ ਪ੍ਰੋਡਕਸ਼ਨ ਦੀ ਟੀਮ ਕਰ ਰਹੀ ਸੀ। ਬੱਚਿਆਂ ਦੇ ਹੱਥਾਂ 'ਚ ਚੁੱਕੇ ਮਾਟੋ ਉੱਪਰ ਉਕਰਿਆ ਹੋਇਆ ਸੀ ਕਿ *ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਜ਼ਿੰਮੇਵਾਰ ਇਹ ਸਰਕਾਰ* ਅਤੇ ਨਾਅਰੇ ਲਾ ਰਹੇ ਸਨ *ਜਬ ਤੱਕ ਦੁਖੀ ਕਿਸਾਨ ਰਹੇਗਾ ਧਰਤੀ ਪੇ ਤੂਫ਼ਾਨ ਰਹੇਗਾ*। ਇਸ ਮੌਕੇ ਅਮਰੀਕਾ ਤੋਂ ਪਰਵਾਸੀ ਭਾਰਤੀ ਮਨਪ੍ਰੀਤ ਸਿੰਘ ਤੇ ਹਰਪ੍ਰੀਤ ਕੌਰ ਵੱਲੋਂ ਫਿਲਮ ਤਿਆਰ ਕੀਤੀ ਜਾ ਰਹੀ ਸੀ। ਇਸ ਰੈਲੀ ਵਿਚ ਸੈਂਕੜੇ ਔਰਤਾਂ-ਮਰਦ ਅਤੇ ਬੱਚੇ ਮੌਜੂਦ ਸਨ। ਇਸ ਮੌਕੇ ਬੋਲਦਿਆਂ ਕਿਸਾਨ ਆਗੂ ਰਾਮਦੀਆਂ ਸਿੰਘ ਬੰਗਾ ਨੇ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਕਿਸਾਨ ਆਰਥਿਕ ਪੱਖੋਂ ਕਮਜ਼ੋਰ ਹੋ ਕੇ ਖੁਦਕੁਸ਼ੀਆਂ ਕਰ ਰਹੇ ਹਨ ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਮੂਣਕ ਨਾਲ ਸਬੰਧਤ ਲਗਭਗ 90 ਪਿੰਡਾਂ 'ਚ 1517 ਕਿਸਾਨ ਕਰਜ਼ਈ ਹੋ ਕੇ ਖੁਦਕੁਸ਼ੀ ਕਰ ਚੁੱਕੇ ਹਨ, ਜੋ ਲਗਾਤਾਰ ਜਾਰੀ ਹੈ। ਇਨ੍ਹਾਂ ਪਿੰਡਾਂ ਨਾਲ ਸਬੰਧਤ ਸਰਪੰਚਾਂ ਦੇ ਐਫੀਡੇਵਿਟ ਉਨ੍ਹਾਂ ਪਿਛਲੇ ਦਿਨੀ ਸ੍ਰੀ ਜੇਜੀ ਦੀ ਅਗਵਾਈ 'ਚ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਦਿੱਤੇ ਪਰ ਪੁਲਿਸ ਮੰਨਣ ਨੂੰ ਤਿਆਰ ਨਹੀਂ, ਕਿਉਂਕਿ ਉਨ੍ਹਾਂ ਦੇ ਰਿਕਾਰਡ ਵਿਚ ਦਰਜ ਨਹੀਂ। ਲੋਕ ਡਰਦੇ ਹਨ ਕਿ ਜੇਕਰ ਉਨ੍ਹਾਂ ਰਿਪੋਰਟ ਦਰਜ ਕਰਵਾਈ ਤਾਂ ਪੁਲਿਸ ਉਨ੍ਹਾਂ ਨੂੰ ਪ੍ਰੇਸ਼ਾਨ ਕਰੇਗੀ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਇਨ੍ਹਾਂ ਖੁਦਕੁਸ਼ੀਆਂ ਨੂੰ ਕਬੂਲਦੀ ਵੀ ਹੈ। ਇਸ ਸਬੰਧੀ ਉਹ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੂੰ ਦੁਖੀ ਬੱਚਿਆਂ ਸਮੇਤ ਮਿਲਣ ਗਏ ਸਨ ਪਰ ਉਹ ਸਮਾਂ ਦੇ ਕੇ ਵੀ ਲੰਬੀ ਖੱਜਲ-ਖੁਆਰੀ ਤੋਂ ਬਾਅਦ ਮਿਲੇ। ਉਨ੍ਹਾਂ ਇਨ੍ਹਾਂ ਦੁਖੀ ਪਰਿਵਾਰਾਂ ਨੂੰ ਆਰਥਿਕ ਮਦਦ ਦਾ ਭਰੋਸਾ ਦਿਵਾਇਆ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸਰਦਾਰ ਬਾਦਲ ਨੇ ਸਰਕਾਰ ਬਣਨ ਉਪਰੰਤ ਇਨ੍ਹਾਂ ਦੁਖੀ ਪਰਿਵਾਰਾਂ ਨੂੰ 2 ਲੱਖ ਰੁਪਏ ਆਰਥਿਕ ਮਦਦ ਅਤੇ ਸਰਕਾਰੀ ਨੌਕਰੀ ਦਾ ਭਰੋਸਾ ਦਿੱਤਾ ਸੀ ਪਰ ਇਥੇ ਵੀ ਲਾਰੇ ਲੱਪੇ ਤੋਂ ਬਿਨਾਂ ਕੁਝ ਨਹੀਂ।

> *ਉਨ੍ਹਾਂ ਕਿਹਾ ਕਿ ਸਰਦਾਰ ਬਾਦਲ ਨੇ ਸਰਕਾਰ ਬਣਨ ਉਪਰੰਤ ਇਨ੍ਹਾਂ ਦੁਖੀ ਪਰਿਵਾਰਾਂ ਨੂੰ 2 ਲੱਖ ਰੁਪਏ ਆਰਥਿਕ ਮਦਦ ਅਤੇ ਸਰਕਾਰੀ ਨੌਕਰੀ ਦਾ ਭਰੋਸਾ ਦਿੱਤਾ ਸੀ ਪਰ ਇਥੇ ਵੀ ਲਾਰੇ ਲੱਪੇ ਤੋਂ ਬਿਨਾਂ ਕੁਝ ਨਹੀਂ।*

ਉਨ੍ਹਾਂ ਕਿਹਾ ਕਿ ਜਿੰਨਾ ਚਿਰ ਸਰਕਾਰ ਦੀਆਂ ਨੀਤੀਆਂ 'ਚ ਸੁਧਾਰ ਨਹੀਂ ਆਉਂਦਾ, ਖੁਦਕੁਸ਼ੀਆਂ ਬੰਦ ਨਹੀਂ ਹੁੰਦੀਆਂ। ਉਨ੍ਹਾਂ ਮੰਗ ਕੀਤੀ ਕਿ ਆਉਣ ਵਾਲੀਆਂ ਨੀਤੀਆਂ ਅਜਿਹੀਆਂ ਬਣਾਈਆਂ ਜਾਣ ਕਿ ਅਜਿਹੀ ਨੌਬਤ ਹੀ ਨਾ ਆਵੇ ਕਿ ਜਿਨਸਾਂ ਦੇ ਭਾਅ ਸੂਚਕ ਅੰਕ ਨਾਲ ਜੋੜੇ ਜਾਣ। ਕਿਸਾਨ ਆਗੂ ਮਹਿੰਦਰ ਸਿੰਘ ਤੂਰ ਨੇ ਕਿਹਾ ਕਿ ਉਹ ਜੋ ਇਹ ਫਿਲਮ ਤਿਆਰ ਕਰ ਰਹੇ ਹਨ, ਵਿਦੇਸ਼ਾਂ 'ਚ ਇਸ ਤਰਸਯੋਗ ਹਾਲਤ ਨੂੰ ਦਿਖਾ ਕੇ ਇਨ੍ਹਾਂ ਪਰਿਵਾਰਾਂ ਲਈ ਮਾਲੀ ਮਦਦ ਲਈ ਜਾਵੇਗੀ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪਹਿਲਾਂ ਉਹ ਵੱਖ-ਵੱਖ ਪਿੰਡਾਂ 'ਚ ਲਗਭਗ 45 ਪਰਿਵਾਰਾਂ ਦੇ ਬੱਚਿਆਂ ਲਈ 1000 ਰੁਪਏ ਮਹੀਨੇ ਦੇ ਹਿਸਾਬ ਨਾਲ ਪੜ੍ਹਾਈ ਦੇ ਲਈ ਰਹੇ ਹਾਂ ਅਤੇ ਇਸ 'ਚ ਹੋਰ ਪਰਿਵਾਰਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਇਸ ਮੌਕੇ ਦੋ ਨੰਨ੍ਹੀਆਂ-ਮੁੰਨੀਆਂ ਬੱਚਿਆਂ ਮਨਪ੍ਰੀਤ ਕੌਰ ਅਤੇ ਜਸਵੀਰ ਕੌਰ ਨੇ ਆਪਣੇ ਪਰਿਵਾਰ ਦੀ ਤਰਸਯੋਗ ਹਾਲਤ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਸੁਰਜੀਤ ਸਿੰਘ ਭੁਟਾਲ ਖੁਰਦ, ਕ੍ਰਿਸ਼ਨ ਸਿੰਘ ਬਸੈਹਰਾ, ਕੁਲਦੀਪ ਸਿੰਘ ਸਾਬਕਾ ਸਰਪੰਚ ਖਨੌਰੀ, ਅਜੈਬ ਸਿੰਘ ਬਲਰਾ ਤੇ ਜਨਕ ਸਿੰਘ ਸਾਬਕਾ ਸਰਪੰਚ ਬਖੋਰਾ ਤੋਂ ਇਲਾਵਾ ਅਮਰੀਕਾ ਤੋਂ ਆਏ ਮਿਨਸ ਤੇ ਸੁਜੈਨ ਆਦਿ ਮੌਜੂਦ ਸਨ। ਜਦੋਂ ਉਕਤ ਬੱਚੀਆਂ ਆਪਣੇ ਪਰਿਵਾਰ ਤੇ ਪਿਤਾ ਦੀ ਮੌਤ ਸਬੰਧੀ ਬਿਆਨ ਕਰ ਰਹੀਆਂ ਸਨ ਤਾਂ ਪੰਡਾਲ 'ਚ ਬੈਠੇ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ।